# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 05-07-2025**

- ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵਲੋਂ 'ਵਨ ਮਹੋਤਸਵ 2025' ਮੌਕੇ ਚੰਡੀਗੜ੍ਹ ਵਿਚ ਬੂਟੇ ਲਗਾਉਣ ਦੀ ਮੁਹਿੰਮ ਦੀ ਅਗਵਾਈ -ਇੱਕ ਦਿਨ ਵਿੱਚ 253 ਥਾਵਾਂ 'ਤੇ ਇਕ ਲੱਖ ਤੋਂ ਵੱਧ ਬੂਟੇ ਲਾਏ ਗਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਲਾਈਬਰੇਰੀ ਅਤੇ ਪੈਨੋਰਮਾ ਅਤੇ ਵੱਖ ਵੱਖ ਸੜਕਾਂ ਉਦਘਾਟਨ ਕੀਤਾ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਦਾ ਆਯੋਜਨ।

- ਮੌਸਮ ਵਿਭਾਗ ਵਲੋਂ ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਅੱਜ ਤੋਂ 8 ਜੁਲਾਈ ਤੱਕ ਦਰਮਿਆਨੀ ਤੋਂ ਭਾਰੀ ਬਾਰੀਸ਼ ਦੀ ਪੇਸ਼ੀਨਗੋਈ।
- ਬੀਜਿੰਗ ਵਿਖੇ ਪੈਰਾ-ਤੀਰਅੰਦਾਜ਼ੀ ਏਸ਼ੀਅਨ ਚੈਂਪੀਅਨਸ਼ਿਪ 2025 ਵਿੱਚ, ਭਾਰਤੀ ਪੈਰਾ-ਤੀਰਅੰਦਾਜ਼ਾਂ ਨੇ ਅੱਜ 2 ਸੋਨੇ ਦੇ ਤਮਗੇ ਜਿੱਤੇ- ਕੁੱਲ ਤਮਗਿਆਂ ਦੀ ਗਿਣਤੀ 7 ਹੋਈ।

---

ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ 'ਵਨ ਮਹੋਤਸਵ 2025' ਮੌਕੇ 'ਤੇ ਚੰਡੀਗੜ੍ਹ ਦੀ ਸਭ ਤੋਂ ਵੱਡੀ ਬੂਟੇ ਲਗਾਉਣ ਦੀ ਮੁਹਿੰਮ ਦੀ ਅਗਵਾਈ ਕੀਤੀ। ਇਸ ਮੌਕੇ ਇੱਕ ਹੀ ਦਿਨ ਵਿੱਚ 253 ਥਾਵਾਂ 'ਤੇ ਕੁੱਲ 1 ਲੱਖ 5 ਹਜ਼ਾਰ 874 ਬੂਟੇ ਲਗਾਏ ਗਏ। ਰਾਜਪਾਲ ਨੇ ਸ਼ਹਿਰ ਭਰ ਵਿੱਚ 23 ਵੱਖ-ਵੱਖ ਥਾਵਾਂ 'ਤੇ ਨਿੱਜੀ ਤੌਰ 'ਤੇ ਬੂਟੇ ਲਗਾ ਕੇ ਭਵਿੱਖ ਦੀਆਂ ਪੀੜ੍ਹੀਆਂ ਲਈ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਸੰਬੰਧੀ ਇੱਕ ਸੁਨੇਹਾ ਭੇਜਿਆ। ਰਾਜਪਾਲ ਨੇ

ਹਰੇਕ ਨਾਗਰਿਕ ਨੂੰ ਇਸ ਮੌਕੇ ਨੂੰ ਇੱਕ ਸਾਲਾਨਾ ਰਸਮ ਵਜੋਂ ਨਹੀਂ ਸਗੋਂ ਧਰਤੀ ਦੀ ਭਲਾਈ ਲਈ ਇੱਕ ਗੰਭੀਰ ਵਚਨਬੱਧਤਾ ਵਜੋਂ ਲੈਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ "ਵਨ ਮਹੋਤਸਵ ਸਿਰਫ਼ ਬੂਟੇ ਲਗਾਉਣ ਬਾਰੇ ਨਹੀਂ ਸਗੋਂ ਇਹ ਉਮੀਦ, ਸੰਤੁਲਨ ਅਤੇ ਭਵਿੱਖ ਬਾਰੇ ਇਕ ਮੁਹਿੰਮ ਏ । ਰਾਜਪਾਲ ਨੇ ਆਲਮੀ ਅੰਕੜਿਆਂ ਦਾ ਵੀ ਹਵਾਲਾ ਦਿੱਤਾ ਜੋ ਦੱਸਦੇ ਹਨ ਕਿ ਦੁਨੀਆ ਭਰ ਵਿੱਚ ਹਰ ਸਾਲ 15 ਅਰਬ ਤੋਂ ਵੱਧ ਰੁੱਖ ਖਤਮ ਹੋ ਜਾਂਦੇ ਨੇ । ਉਨ੍ਹਾਂ ਨੇ ਪ੍ਰਸ਼ਾਸਨ ਵਲੋਂ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਸਾਲ, ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ 5 ਲੱਖ ਤੋਂ ਵੱਧ ਬੂਟੇ ਲਗਾਏ ਜਾਣੇ ਨੇ , ਜੋ ਪ੍ਰਸ਼ਾਸਨ ਦੇ ਲੰਬੇ ਸਮੇਂ ਦੇ ਵਾਤਾਵਰਣਕ ਬਹਾਲੀ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ। ਰਾਜਪਾਲ ਨੇ ਸਮਾਗਮ ਦੌਰਾਨ ਤਿੰਨ ਮੁੱਖ ਵਾਤਾਵਰਣ ਨੀਤੀ ਢਾਂਚੇ ਦਾ ਉਦਘਾਟਨ ਵੀ ਕੀਤਾ।

---------------------------------------------------------------

ਓਧਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਪੂਰੇ ਸੂਬੇ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਏ । ਇਸੇ ਤਹਿਤ ਜਲੰਧਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ

ਅਥਾਰਟੀ ਵੱਲੋਂ 'ਗ੍ਰੀਨ ਓਥ ਡੇ' ਨੂੰ ਇਕ ਜੱਜ ਇਕ ਰੁੱਖ ਮੁਹਿੰਮ ਤਹਿਤ ਮਨਾਇਆ ਗਿਆ। ਇਸ ਉਪਰਾਲੇ ਤਹਿਤ ਜਲੰਧਰ, ਨਕੋਦਰ ਅਤੇ ਫਿਲੌਰ ਦੇ ਨਿਆਇਕ ਅਫ਼ਸਰਾਂ ਵੱਲੋਂ ਇੱਕ-ਇੱਕ ਬੂਟਾ ਲਗਾ ਕੇ ਸਾਂਭ-ਸੰਭਾਲ ਲਈ ਇਨ੍ਹਾਂ ਨੂੰ ਗੋਦ ਲਿਆ ਗਿਆ। ਸਕੂਲ ਆਫ਼ ਐਮੀਨੈਂਸ, ਲਾਡੋਵਾਲੀ ਰੋਡ ਵਿਖੇ ਇਸ ਸਬੰਧੀ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ, ਜਿਸ ਦੌਰਾਨ ਵਾਤਾਵਰਣ ਦੀ ਸੰਭਾਲ ਲਈ ਬੂਟੇ ਲਗਾਏ ਗਏ। ਰੁੱਖ ਲਗਾਉਣ ਦੀ ਮੁਹਿੰਮ ਦੀ ਪ੍ਰਧਾਨਗੀ ਇੰਚਾਰਜ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜੀਵ ਕੇ ਬੇਰੀ ਵੱਲੋਂ ਕੀਤੀ ਗਈ। ਸਮਾਗਮ ਵਿੱਚ ਜ਼ਿਲ੍ਹਾ ਹੈੱਡਕੁਆਰਟਰ ਜਲੰਧਰ ਦੇ ਜੁਡੀਸ਼ੀਅਲ ਅਫ਼ਸਰਾਂ ਅਤੇ ਬਾਰ ਐਸੋਸੀਏਸ਼ਨ ਜਲੰਧਰ ਦੇ ਮੈਂਬਰਾਂ ਨੇ ਭਾਗ ਲਿਆ। ਇਸ ਦੌਰਾਨ ਅੰਬ, ਟਾਹਲੀ, ਨਿੰਮ, ਅਰਜੁਨ ਅਤੇ ਅਮਲਤਾਸ ਦੇ ਬੂਟੇ ਲਗਾਏ ਗਏ, ਜੋ ਕਿ ਆਪਣੇ ਕੀਮਤੀ ਗੁਣਾਂ ਲਈ ਜਾਣੇ ਜਾਂਦੇ ਹਨ।

---------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅੰਮ੍ਰਿਤਸਰ ਵਿੱਚ 345 ਕਰੋੜ ਰੁਪਏ ਤੋਂ ਵੱਧ ਦੀਆਂ ਨਵੀਆਂ ਪੇਂਡੂ ਲਿੰਕ ਸੜਕਾਂ ਦੇ

ਨਿਰਮਾਣ, 79 ਅਪਗ੍ਰੇਡ ਅਤੇ ਚੌੜੀਆਂ ਕੀਤੀਆਂ ਗਈਆਂ ਸੜਕਾਂ ਅਤੇ ਛੇ ਨਵੀਆਂ ਲਾਈਬ੍ਰੇਰੀਆਂ ਦਾ ਉਦਘਾਟਨ ਕਰਕੇ ਆਮ ਲੋਕਾਂ ਨੂੰ ਸਮਰਪਿਤ ਕੀਤਾ। ਇਸਤੋਂ ਪਹਿਲੇ ਮੁੱਖ ਮੰਤਰੀ ਨੇ ਅੱਜ ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਲਾਈਬਰੇਰੀ ਅਤੇ ਪੈਨੋਰਮਾ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨਾਂ ਨੇ ਲਾਇਬਰੇਰੀ ਵਿੱਚ ਮੌਜੂਦ ਵਿਦਿਆਰਥੀਆਂ ਨਾਲ ਗੱਲਬਾਤ ਵੀ ਕੀਤੀ। ਇਸ ਲਾਇਬਰੇਰੀ ਵਿੱਚ ਹੋਰਨਾਂ ਕਿਤਾਬਾਂ ਅਤੇ ਮੈਗਜ਼ੀਨ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ 'ਤੇ ਲਿਖੀਆਂ ਕਿਤਾਬਾਂ ਅਤੇ ਸਿੱਖ ਇਤਿਹਾਸ ਬਾਰੇ ਕਿਤਾਬਾਂ ਵੀ ਨੇ ਜੋ ਪ੍ਰਤਿਯੋਗੀ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੇ ਕੰਮ ਆਉਣਗੀਆਂ।

------------------------------------------------------------------

ਪੰਜਾਬ ਹੁਨਰ ਵਿਕਾਸ ਯੋਜਨਾ ਤਹਿਤ ਕੁੜੀਆਂ ਨੂੰ ਜੁਨਰ ਵਿਕਾਸ ਦੇ ਵੱਖ ਵੱਖ ਕੋਰਸ ਕਰਵਾਏ ਜਾਂਦੇ ਨੇ ਉਸ ਤਹਿਤ ਅੱਜ ਪਠਾਨਕੋਟ ਦੇ ਤਾਰਾਗੜ੍ਹ ਵਿਖੇ ਮੇਕਅੱਪ ਆਰਟਿਸਟ ਦਾ ਕੋਰਸ ਮੁਕੰਮਲ ਹੋਣ ਤੇ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਨੇ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇਹ ਬਹੁਤ ਹੀ ਮਾਣ ਦੀ ਗੱਲ ਏ ਅਜਿਹੇ

ਕੋਰਸ ਦੇ ਸਰਟੀਫਿਕੇਟ ਨਾਲ ਸਾਡੀਆਂ ਬੱਚੀਆਂ ਨੂੰ ਕਿਸੇ ਵੀ ਇੰਸਟੀਚਿਊਟ ਅੰਦਰ ਰੁਜਗਾਰ ਮਿਲ ਸਕਦਾ ਏ ਜਾਂ ਉਹ ਅਪਣਾ ਸਵੈ ਰੁਜਗਾਰ ਵੀ ਸੁਰੂ ਕਰ ਸਕਦੀਆਂ ਨੇ। ਉਨ੍ਹਾਂ ਦੱਸਿਆ ਕਿ ਇਸੇ ਹੀ ਤਰ੍ਹਾਂ ਇੱਕ ਹੋਰ ਕੋਰਸ ਬਮਿਆਲ ਵਿੱਚ ਵੀ ਕਰਵਾਇਆ ਜਾ ਰਿਹਾ ਏ।

---------------------------------------------------

ਜਲੰਧਰ ਸਥਿਤ ਦੇਸ਼ ਭਗਤ ਯਾਦਗਾਰ ਦੀ ਮਿਊਜ਼ੀਅਮ ਕਮੇਟੀ ਦੀ ਅੱਜ ਮੀਟਿੰਗ ਕੀਤੀ ਗਈ ਜਿਸ ਵਿਚ ਮਿਊਜ਼ੀਅਮ ਨੂੰ ਇਤਿਹਾਸਕ ਅਤੇ ਕਲਾ ਪੱਖੋਂ ਖਿੱਚ ਭਰਪੂਰ ਬਣਾਉਣ ਲਈ ਭਵਿੱਖ਼ ਵਿੱਚ ਠੋਸ ਕਦਮ ਚੁੱਕਣ ਸਬੰਧੀ ਗੰਭੀਰ ਵਿਚਾਰ ਚਰਚਾ ਹੋਈ । ਇਤਿਹਾਸ ਦੀ ਸਿਲਸਿਲੇਵਾਰ ਜਾਣਕਾਰੀ ਨੂੰ ਤਸਵੀਰਾਂ, ਦਸਤਾਵੇਜ਼ਾਂ, ਇਤਿਹਾਸਕ ਵਸਤਾਂ ਅਤੇ ਹੋਰ ਦੁਰਲੱਭ ਸਾਂਭਣਯੋਗ ਨਿਸ਼ਾਨੀਆਂ ਨਾਲ ਮਿਊਜ਼ੀਅਮ ਨੂੰ ਭਰਪੂਰ ਬਣਾਉਣ ਲਈ ਦੇਸ਼ ਬਦੇਸ਼ ਵਸਦੇ ਆਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਇਨਕਲਾਬੀ ਲਹਿਰਾਂ ਦੇ ਅਣਗੌਲੇ ਸ਼ਾਨਾਮੱਤੇ ਇਤਿਹਾਸ ਨੂੰ ਅਜੋਕੀ ਅਤੇ ਭਵਿੱਖ਼ ਦੀ ਪੀੜ੍ਹੀ ਦੇ ਸਨਮੁੱਖ ਕਰਨ ਲਈ ਵਿਸ਼ੇਸ਼ ਉੱਦਮ ਜੁਟਾਏ ਜਾਣਗੇ। ਗੀਤ-ਸੰਗੀਤ ਅਤੇ ਥੀਏਟਰ ਦੀਆਂ ਲੋੜਾਂ ਦੀ ਪੂਰਤੀ

ਲਈ ਲੋੜੀਂਦੇ ਸਾਜ਼ੋ-ਸਾਮਾਨ ਦੀ ਪੂਰਤੀ ਕਰਨਾ ਅਤੇ ਫ਼ਿਲਮਾਂ, ਸੰਗੀਤ, ਮੇਲਾ ਗ਼ਦਰੀ ਬਾਬਿਆਂ ਦਾ, ਦੇਸ਼ ਭਗਤ ਯਾਦਗਾਰ ਹਾਲ ਦੇ ਕੰਪਲੈਕਸ ਦੇ ਅੰਦਰ ਅਤੇ ਬਾਹਰ ਇਸ ਨਾਲ ਜੁੜਵੀਆਂ ਸਰਗਰਮੀਆਂ ਨੂੰ ਵੈੱਬ ਸਾਈਟ, ਯੂ-ਟਿਊਬ, ਫੇਸਬੁੱਕ ’ਤੇ ਪਾਉਣ ਅਤੇ ਲੋਕਾਂ ਵਿੱਚ ਲਿਜਾਣ ਸਬੰਧੀ ਫੈਸਲੇ ਲਏ ਗਏ।

---------------------------------------------------------------

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦਿਵਸ ਮੌਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਸਥਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ । ਉਨ੍ਹਾਂ ਸੰਗਤਾਂ ਨੂੰ

ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਵੱਲੋਂ ਸਿੱਖ ਕੌਮ ਨੂੰ ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਜੋ ਮਾਰਗ ਦਿਖਾਇਆ ਗਿਆ, ਉਹ ਮਜ-ਲੂਮਾਂ ਦੀ ਰੱਖਿਆ ਕਰਨ ਵਾਲਾ ਏ । ਸਮਾਗਮ ਦੌਰਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਮੀਰੀ ਪੀਰੀ ਦੀਆਂ ਕਿਰਪਾਨਾਂ ਦੇ ਸੰਗਤ ਨੂੰ ਦਰਸ਼ਨ ਵੀ ਕਰਵਾਏ ਗਏ।

--------------------------------------------------

ਪੰਜਾਬ ਸਰਕਾਰ ਕਿਸਾਨਾਂ ਨੂੰ ਰਵਾਇਤੀ ਫਸਲਾਂ ਝੋਨਾ ਅਤੇ ਕਣਕ ਦੇ ਚੱਕਰ ਵਿੱਚੋਂ ਕੱਢਣ ਦੇ ਲਈ ਖੇਤੀ ਵਿਭਿੰਨਤਾ ਨੂੰ ਉਤਸਾਹਤ ਕਰਨ ਦੇ ਕਈ ਉਪਰਾਲੇ ਕਰ ਰਹੀ ਏ । ਗੁਰਦਸਪੁਰ ਦੇ ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਦੇ ਦੱਸਿਆ ਝੋਨੇ ਦੀ ਖੇਤੀ ਨਾਲ ਬਹੁਤ ਜ਼ਿਆਦਾ ਪਾਣੀ ਵਿਅਰਥ ਜਾਂਦਾ ਏ ਜਿਸ ਕਾਰਨ ਧਰਤੀ ਹੇਠਲਾ ਪਾਣੀ ਪੱਧਰ ਘਟਦਾ ਜਾ ਰਿਹਾ ਏ । ਹੁਣ ਮੁੜ ਤੋਂ ਮੋਟੇ ਅਨਾਜ ਅਤੇ ਦਾਲਾਂ ਦੀ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਸਰਕਾਰ, ਇਹਨਾਂ ਦੇ ਬੀਜ 'ਤੇ ਸਬਸਿਡੀ ਦੇ ਰਹੀ ਏ ।

BYTE:

----------------------------------------------------------

ਜ਼ਿਲ੍ਹਾ ਬਠਿੰਡਾ ਵਿੱਚ ਨਰਮੇ ਦੀ ਫ਼ਸਲ ਹੇਠ ਬਿਜਾਂਦ ਦੇ ਰਕਬੇ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 2000 ਹੈਕਟੇਅਰ ਦਾ ਵਾਧਾ ਹੋਇਆ ਏ ।ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਦੀਸ਼ ਸਿੰਘ ਨੇ ਦੱਸਿਆ ਕਿ ਨਰਮੇ ਦੀ ਫ਼ਸਲ ਤੋਂ ਚੰਗੀ ਪੈਦਾਵਾਰ ਲੈਣ ਲਈ ਸਰਵੇਖਣ ਕਰਨ ਵਾਸਤੇ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਏ , ਜਿੰਨ੍ਹਾਂ ਵੱਲੋਂ ਕੀੜੇ ਮਕੌੜੇ ਅਤੇ ਬਿਮਾਰੀਆਂ ਸਬੰਧੀ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਏ । ਇਸ ਵਿੱਚ ਸਰਕਲ ਪੱਧਰ, ਬਲਾਕ ਪੱਧਰ ਅਤੇ ਜ਼ਿਲ੍ਹੇ ਪੱਧਰ ਦੀਆਂ ਟੀਮਾਂ ਬਣੀਆਂ ਹੋਈਆਂ ਨੇ । ਇਹ ਟੀਮਾਂ ਵਲੋਂ ਹਫ਼ਤੇ ਵਿੱਚ ਦੋ ਦਿਨ ਸੋਮਵਾਰ ਅਤੇ ਵੀਰਵਾਰ ਖੇਤਾਂ ਦਾ ਸਰਵੇਖਣ ਕੀਤਾ ਜਾਂਦਾ ਏ । ਉਨ੍ਹਾਂ ਦੱਸਿਆ ਕਿ ਫ਼ਸਲ ਦੀ ਹਾਲਤ ਮੁਤਾਬਿਕ ਕਿਸਾਨਾਂ ਨੂੰ ਚਿੱਟੀ ਮੱਖੀ, ਹਰਾ ਤੇਲਾ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕਿਸਾਨਾਂ ਨੂੰ ਲੋੜ ਅਨੁਸਾਰ ਸਪਰੇਅ ਕਰਨ ਦੀ ਸਲਾਹ ਦਿੱਤੀ ਗਈ ਏ । ਉਨ੍ਹਾਂ ਕਿਸਾਨਾਂ ਨੂੰ ਵੀ ਨਦੀਨਾਂ ਦੀ ਰੋਕਥਾਮ ਲਈ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਨ ਸਬੰਧੀ ਸਲਾਹ ਦਿੱਤੀ ।

---------------------------------------------------

ਮੁਹਾਲੀ ਜਿਲ੍ਹੇ ਦੇ ਥਾਣਾ ਬਨੂੜ ਵਿਖੇ ਇੱਕ ਕਥਿਤ ਨਸ਼ਾ ਤਸਕਰ ਦੀ ਗ਼ੈਰਕਾਨੂੰਨੀ ਜਾਇਦਾਦ ਨੂੰ ਨਗਰ ਕੌਂਸਲ ਬਨੂੰੜ ਵੱਲੋਂ ਢਾਹਿਆ ਗਿਆ। ਪਟਿਆਲਾ ਦੇ ਐਸ.ਐਸ.ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਨਸ਼ਾ ਤਸਕਰ ਮੋਹਨ ਸਿੰਘ  ਤੇ ਸੁਰਜੀਤ ਸਿੰਘ ਵਲੋਂ ਬਨੂੜ ਵਿਖੇ ਨਜਾਇਜ ਉਸਾਰੀ ਕੀਤੀ ਗਈ ਸੀ।  ਇਨ੍ਹਾ  ਨਸ਼ਾ ਤਸਕਰਾਂ ਵਿਰੁੱਧ ਰਾਜਪੁਰਾ ਤੇ ਬਨੂੜ ਵਿਖੇ ਹੈਰੋਇਨ ਤੇ ਹੋਰ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਦੇ ਪੰਜ ਮਾਮਲੇ ਦਰਜ ਨੇ।

---------------------------------------------------

ਮੌਨਸੂਨ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਅੱਜ ਤੋਂ 8 ਜੁਲਾਈ ਤੱਕ ਦਰਮਿਆਨੀ ਤੋਂ ਭਾਰੀ ਬਾਰੀਸ਼ ਦੀ ਸੰਭਾਵਨਾ ਜਤਾਈ ਗਈ ਏ। ਮੌਸਮ ਵਿਭਾਗ ਨੇ ਚੰਡੀਗੜ੍ਹ ਨੇ ਇਹਨਾਂ ਦੋਵਾਂ ਸੂਬਿਆਂ  ਅਤੇ ਚੰਡੀਗੜ੍ਹ ਵਿੱਚ 6 ਅਤੇ 7 ਜੁਲਾਈ ਨੂੰ ਬਹੁਤ ਸਾਰੀਆਂ ਥਾਵਾਂ ਤੇ ਅਤੇ  8 ਅਤੇ 9 ਜੁਲਾਈ ਨੂੰ ਕਈ ਥਾਵਾਂ ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਪੇਸ਼ੀਨਗੋਈ ਕੀਤੀ ਗਈ ਏ।

ਪੰਜਾਬ ਵਿੱਚ 6 ਅਤੇ 7 ਜੁਲਾਈ ਨੂੰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਫਤਿਹਗੜ੍ਹ ਸਾਹਿਬ, ਮੋਹਾਲੀ, ਤੇ ਰੂਪਨਗਰ ਅਤੇ ਇਹਨਾਂ ਦੇ ਆਸ ਪਾਸ ਦੀਆਂ ਕੁਝ ਥਾਵਾਂ ਵਿੱਚ ਦਰਮਿਆਨੀ ਤੋਂ ਭਾਰੀ ਬਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਏ। ਇਸ ਦੌਰਾਨ ਪੰਜਾਬ ਵਿੱਚ ਅੱਜ ਘੱਟੋ ਘੱਟ ਤਾਪਮਾਨ 25 ਡਿਗਰੀ ਸੈਲਸੀਅਸ ਥੀਨ ਡੈਮ ਖੇਤਰ ਪਠਾਨਕੋਟ ਵਿਚ ਦਰਜ ਕੀਤਾ ਗਿਆ। ਓਧਰ ਪਹਾੜੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ, ਸ਼ਿਮਲਾ ਦੇ ਮੌਸਮ ਵਿਭਾਗ ਨੇ ਮਾਨਸੂਨ ਦੇ ਹੋਰ ਸਰਗਰਮ ਹੋਣ ਕਾਰਨ ਅਗਲੇ ਪੰਜ ਦਿਨਾਂ ਲਈ ਬਹੁਤ ਜ਼ਿਆਦਾ ਭਾਰੀ ਬਾਰਿਸ਼ ਦੀ ਚੇਤਾਵਨੀ ਜਾਰੀ ਕੀਤੀ ਏ। ਬੀਤੇ ਸਮੇਂ ਦੌਰਾਨ ਬੱਦਲ ਫਟਣ, ਅਚਾਨਕ ਹੜ੍ਹਾਂ ਅਤੇ ਜ਼ਮੀਨ ਖਿਸਕਣ ਦੀਆਂ ਕਈ ਘਟਨਾਵਾਂ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਏ। ਮੰਡੀ, ਕਾਂਗੜਾ, ਕੁੱਲੂ ਅਤੇ ਸ਼ਿਮਲਾ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਨੇ।

---

ਬੀਜਿੰਗ ਵਿਖੇ ਪੈਰਾ-ਤੀਰਅੰਦਾਜ਼ੀ ਏਸ਼ੀਅਨ ਚੈਂਪੀਅਨਸ਼ਿਪ 2025

ਵਿੱਚ, ਭਾਰਤੀ ਪੈਰਾ-ਤੀਰਅੰਦਾਜ਼ਾਂ ਨੇ ਅੱਜ 2 ਸੋਨੇ ਦੇ ਤਮਗੇ ਜਿੱਤੇ ਜਿਸ ਨਾਲ ਕੁੱਲ ਤਮਗਿਆਂ ਦੀ ਗਿਣਤੀ ਸੱਤ ਹੋ ਗਈ ਏ। ਸ਼ੀਤਲ ਦੇਵੀ ਅਤੇ ਜੋਤੀ ਦੀ ਮਹਿਲਾ ਕੰਪਾਊਂਡ ਟੀਮ ਨੇ ਚੀਨ ਨੂੰ 148-143 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਹਰਵਿੰਦਰ ਸਿੰਘ ਅਤੇ ਭਾਵਨਾ ਨੇ 5-4 ਦੀ ਸ਼ੂਟ-ਆਫ ਜਿੱਤ ਤੋਂ ਬਾਅਦ ਮਿਕਸਡ ਰਿਕਰਵ ਵਿੱਚ ਇੱਕ ਹੋਰ ਸੋਨੇ ਦਾ ਤਮਗਾ ਹਾਸਲ ਕੀਤਾ। ਭਾਰਤ ਨੇ ਮਰਦਾਂ ਦੇ ਰਿਕਰਵ ਓਪਨ, ਕੰਪਾਊਂਡ ਓਪਨ ਅਤੇ ਮਿਕਸਡ ਕੰਪਾਊਂਡ ਓਪਨ ਮੁਕਾਬਲਿਆਂ ਵਿੱਚ ਵੀ ਤਿੰਨ ਚਾਂਦੀ ਦੇ ਤਮਗੇ ਜਿੱਤੇ। ਕੇਸ਼ ਕੁਮਾਰ ਨੇ ਸ਼ਿਆਮ ਸੁੰਦਰ ਸਵਾਮੀ ਨਾਲ ਮਰਦਾਂ ਦੀ ਕੰਪਾਊਂਡ ਟੀਮ ਵਿੱਚ ਅਤੇ ਜੋਤੀ ਨਾਲ ਮਿਕਸਡ ਡਬਲਜ਼ ਵਿੱਚ ਦੋ ਚਾਂਦੀ ਦੇ ਤਗਮੇ ਜਿੱਤੇ।

---------------------------------------------------

- ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵਲੋਂ 'ਵਨ ਮਹੋਤਸਵ 2025' ਮੌਕੇ ਚੰਡੀਗੜ੍ਹ ਵਿਚ ਬੂਟੇ ਲਗਾਉਣ ਦੀ ਮੁਹਿੰਮ ਦੀ ਅਗਵਾਈ -ਇੱਕ ਦਿਨ ਵਿੱਚ 253 ਥਾਵਾਂ 'ਤੇ ਇਕ ਲੱਖ ਤੋਂ ਵੱਧ ਬੂਟੇ ਲਾਏ ਗਏ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅੰਮ੍ਰਿਤਸਰ ਵਿੱਚ ਮਹਾਰਾਜਾ ਰਣਜੀਤ ਸਿੰਘ ਲਾਈਬਰੇਰੀ ਅਤੇ ਪੈਨੋਰਮਾ ਅਤੇ ਵੱਖ ਵੱਖ ਸੜਕਾਂ ਉਦਘਾਟਨ ਕੀਤਾ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਦਾ ਆਯੋਜਨ।
- ਮੌਸਮ ਵਿਭਾਗ ਵਲੋਂ ਪੰਜਾਬ, ਹਰਿਆਣਾ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਅੱਜ ਤੋਂ 8 ਜੁਲਾਈ ਤੱਕ ਦਰਮਿਆਨੀ ਤੋਂ ਭਾਰੀ ਬਾਰੀਸ਼ ਦੀ ਪੇਸ਼ੀਨਗੋਈ।
- ਬੀਜਿੰਗ ਵਿਖੇ ਪੈਰਾ-ਤੀਰਅੰਦਾਜ਼ੀ ਏਸ਼ੀਅਨ ਚੈਂਪੀਅਨਸ਼ਿਪ 2025 ਵਿੱਚ, ਭਾਰਤੀ ਪੈਰਾ-ਤੀਰਅੰਦਾਜ਼ਾਂ ਨੇ ਅੱਜ 2 ਸੋਨੇ ਦੇ ਤਮਗੇ ਜਿੱਤੇ- ਕੁੱਲ ਤਮਗਿਆਂ ਦੀ ਗਿਣਤੀ 7 ਹੋਈ।

***ਇਸਦੇ ਨਾਲ***

***ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ***

***ਖਬਰਾਂ ਦਾ ਅਗਲਾ  ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ  'ਤੇ***

***ਨਮਸਕਾਰ  !***